# 12
# ਪ੍ਰਬੰਧ

ਸਾਡੇ ਅਸਟ੍ਰੇਲੀਆ ਵਿਚ ਰਹਿਣ ਦੌਰਾਨ, ਇਕ ਪਰਿਵਾਰ ਜੋ ਮਸੀਹੀ ਬਣਿਆ ਸੀ ਥੋੜ੍ਹੀ ਦੇਰ ਤਕ ਵਫ਼ਾਦਾਰ ਰਿਹਾ, ਪਰ ਵੇਕੇਸ਼ਨ ਬਾਈਬਲ ਸਕੂਲ ਦੇ ਬਾਅਦ ਉਸ ਪਰਿਵਾਰ ਨੇ ਬੰਦਗੀ ਵਿਚ ਆਉਣਾ ਬੰਦ ਕਰ ਦਿੱਤਾ। ਕਾਰਣ ਪੁੱਛੇ ਜਾਣ ਤੇ ਉਨ੍ਹਾਂ ਦਾ ਜਵਾਬ ਸੀ, ''ਜਦ ਅਸੀਂ ਪਹਿਲਾਂ ਤੁਹਾਡੇ ਨਾਲ ਬੰਦਗੀ ਕਰਨੀ ਸ਼ੁਰੂ ਕੀਤੀ ਸੀ, ਤਾਂ ਅਸੀਂ ਸੋਚਿਆ ਸੀ ਕਿ ਤੁਸੀਂ ਮਸੀਹੀ ਲੋਕਾਂ ਦੀ ਇਕ ਛੋਟੀ ਜਿਹੀ ਮੰਡਲੀ ਹੋ ਜੋ ਖ਼ੁਦਾ ਦੀ ਸੇਵਾ ਦੀ ਕੋਸ਼ਿਸ਼ ਕਰ ਰਹੇ ਹਨ। ਵੀਬੀਐਸ (ਵੀਡੀਓ ਬਾਈਬਲ ਸਕੂਲ) ਵਿਚ ਅਸੀਂ ਮਹਿਸੂਸ ਕੀਤਾ ਸੀ ਕਿ ਤੁਸੀਂ ਤਾਂ ਸਾਹਿਤ, ਕਲਾਸਾਂ, ਟੀਚਰਾਂ, ਸਮੇਂ ਸਾਰਨੀ ਅਤੇ ਹਰ ਤਰੀਕੇ ਨਾਲ ਸੰਗਠਿਤ ਲੋਕ ਹੋ। ਅਸੀਂ ਇਹ ਉਮੀਦ ਨਹੀਂ ਕੀਤੀ ਸੀ।''

ਸੰਗਠਿਤ ਹੋਣਾ ਕਿਸੇ ਵੀ ਤਰ੍ਹਾਂ ਬਾਈਬਲ ਦੇ ਉਲਟ ਨਹੀਂ ਹੈ। ਦੁਨੀਆ ਬਣਾਏ ਜਾਣ ਦਾ ਵੇਰਵਾ ਸੰਗਠਨ ਦੀ ਹੀ ਗੱਲ ਕਰਦਾ ਹੈ ਜਿਸ ਨਾਲ ਖ਼ੁਦਾ ਨੇ ਛੇ ਦਿਨਾਂ ਦੀ ਵਰਤੋਂ ਕੀਤੀ ਸੀ। ਹਰ ਦਿਨ ਦੀ ਰਚਨਾ ਇਸ ਅਧਾਰ ਤੇ ਸੀ ਕਿ ਪਹਿਲਾਂ ਕੀ ਬਣਾਇਆ ਗਿਆ ਸੀ ਅਤੇ ਉਸ ਦੇ ਬਾਅਦ ਕੀ ਬਣਾਇਆ ਜਾਵੇਗਾ। ਬਾਈਬਲ ਵਿਚ ਸਾਨੂੰ ਹੋਰ ਉਦਾਹਰਣਾਂ ਵੀ ਮਿਲਦੀਆਂ ਹਨ: ਜਦ ਇਸਰਾਏਲੀ ਲੋਕ ਸੀਨਈ ਪਹਾੜ ਤੋਂ ਵਾਅਦਾ ਕੀਤੇ ਹੋਏ ਦੇਸ਼ ਵੱਲ ਜਾਣ ਨੂੰ ਤਿਆਰ ਸਨ, ਤਾਂ ਉਨ੍ਹਾਂ ਨੂੰ ਵਿਸਤਾਰ ਨਾਲ ਸਮਝਾਇਆ ਗਿਆ ਸੀ ਕਿ ਉਹ ਸਫ਼ਰ ਲਈ ਕਿਵੇਂ ਸੰਗਠਿਤ ਹੋਣਗੇ (ਗਿਣਤੀ 1-10; ਰਸੂਲਾਂ ਦੇ ਕੰਮ 6:1-6 ਵੀ ਵੇਖੋ)।

ਕਿਉਂਕਿ ਖ਼ੁਦਾ ਨੇ ਸੰਗਠਿਤ ਯੋਜਨਾ ਵਰਤੀ, ਇਸ ਲਈ ਜਦ ਕੋਈ ਕਲੀਸੀਆ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਆਪਣੇ ਕੰਮ ਨੂੰ ਸੰਗਠਿਤ ਕੀਤੇ ਬਗ਼ੈਰ ਇਕ ਤੋਂ ਦੂਜੀ ਮੁਸ਼ਕਿਲ ਵਿਚ ਫਸ ਜਾਂਦੀ ਹੈ ਤਾਂ ਖ਼ੁਦਾ ਖੁਸ਼ ਨਹੀਂ ਹੁੰਦਾ। ਟੀਚਿਆਂ ਨੂੰ ਪੂਰਾ ਕਰਨ ਲਈ ਸੰਗਠਿਤ ਹੋਣਾ ਹੀ ਪ੍ਰਬੰਧ ਹੈ। ਐਲਡਰਾਂ ਸਣੇ, ਕਲੀਸੀਆ ਦੇ ਆਗੂਆਂ ਵਿਚ ਜਿਸ ਵਿਚ ਉਹ ਲੋਕ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਕਲੀਸੀਆ ਦੀਆਂ ਵੱਖ ਵੱਖ ਸੇਵਕਾਈਆਂ ਦਿੱਤੀਆਂ ਗਈਆਂ ਹਨ, ਪ੍ਰਬੰਧ ਦੀਆਂ ਖੂਬੀਆਂ ਹੋਣੀਆਂ ਜ਼ਰੂਰੀ ਹਨ। 1 ਤਿਮੋਥਿਉਸ 3:4, 5 ਐਲਡਰ ਦੀ ਯੋਗਤਾ ਦੇ ਰੂਪ ਵਿਚ ਪ੍ਰਬੰਧ 'ਤੇ ਜ਼ੋਰ ਦੇਣਾ ਢੁਕਵਾਂ ਹੈ: ''ਆਪਣੇ ਘਰ ਦਾ ਚੰਗੀ ਤਰ੍ਹਾਂ ਪ੍ਰਬੰਧ ਕਰਨ ਵਾਲਾ, ਅਤੇ ਆਪਣੇ ਬਾਲਕਾਂ ਨੂੰ ਪੂਰੀ ਗੰਭੀਰਤਾਈ ਨਾਲ ਵੱਸ ਵਿਚ ਰੱਖਣ ਵਾਲਾ ਹੋਵੇ। (ਪਰ ਜੇ ਕੋਈ ਆਪਣੇ ਹੀ ਘਰ ਦਾ ਪ੍ਰਬੰਧ ਕਰਨਾ ਨਾ ਜਾਣੇ ਤਾਂ ਉਹ ਪਰਮੇਸ਼ੁਰ ਦੀ ਕਲੀਸੀਆ ਦੀ ਰਖਵਾਲੀ ਕਿੱਕੁਰ ਕਰੇਗਾ?)।''

ਇਸ ਪਾਠ ਵਿਚ ਯੋਜਨਾ ਬਨਾਉਣ, ਸੰਗਠਿਤ ਕਰਨ, ਇੰਤਜ਼ਾਮ ਕਰਨ ਅਤੇ ਮੁਲਾਂਕਣ ਕਰਨ ਦੀਆਂ ਚਾਰ ਖੂਬੀਆਂ ਤੇ ਚਰਚਾ ਕੀਤੀ ਗਈ ਹੈ।

# ਯੋਜਨਾ ਬਨਾਉਣਾ

ਕਲੀਸੀਆ ਦੇ ਟੀਚੇ ਨਿਰਧਾਰਿਤ ਕਰਨ ਦੇ ਬਾਅਦ, ਪਰ ਉਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਕਲੀਸੀਆ ਦੇ ਆਗੂਆਂ ਨੂੰ ਮੰਡਲੀ ਦੇ ਕੰਮ ਨਾਲ ਜੁੜੀਆਂ ਵਿਸਤਾਰ ਸਹਿਤ ਯੋਜਨਾਵਾਂ ਬਣਾ ਲੈਣੀਆਂ ਚਾਹੀਦੀਆਂ ਹਨ।

ਵਪਾਰੀ ਲੋਕ ਬਹੁਤ ਪਹਿਲਾਂ ਯੋਜਨਾ ਬਣਾ ਲੈਂਦੇ ਹਨ; ਭਲਾ ਪ੍ਰਭੂ ਦੇ ਕੰਮ ਵਿਚ ਜੋ ''ਦੁਨੀਆਂ ਦਾ ਸਭ ਤੋਂ ਵੱਡਾ ਕਾਰਜ'' ਹੈ, ਲੱਗੇ ਲੋਕਾਂ ਨੂੰ ਵੀ ਭਵਿੱਖ ਲਈ ਯੋਜਨਾਵਾਂ ਨਹੀਂ ਬਣਾਉਣੀਆਂ ਚਾਹੀਦੀਆਂ? ਬਿਨਾਂ ਯੋਜਨਾ ਦੇ ਮੰਡਲੀ ਦੀ ਅਗਵਾਈ ਕਰਨਾ ਨਕਸ਼ਾ ਵੇਖੇ ਜਾਂ ਇਹ ਜਾਣੇ ਬਗ਼ੈਰ ਕਿ ਇਹ ਰਾਹ ਕਿੱਧਰ ਜਾਵੇਗਾ, ਸਫ਼ਰ ਲਈ ਨਿਕਲਣ ਵਾਂਗ ਹੈ। ਬਾਈਬਲ ਦੀਆਂ ਉਦਾਹਰਨਾਂ ਦੀ ਵਰਤੋਂ ਕਰਨ ਦਾ ਅਰਥ ਬਿਨਾਂ ਪੂਰਾ ਸਮਾਨ ਲਏ ਬਨਾਉਣਾ ਸ਼ੁਰੂ ਕਰਨ ਵਾਂਗ ਜਾਂ ਜਿੱਤਣ ਲਈ ਪੂਰੀ ਫ਼ੌਜ ਲਏ ਬਗ਼ੈਰ ਲੜਾਈ ਵਿਚ ਜਾਣ ਵਾਂਗ ਹੈ (ਲੂਕਾ 14:28-32)।

### ਟੀਚੇ ਹਾਸਲ ਕਰਨਾ

ਯੋਜਨਾ ਵਿਚ ਲੱਗੇ ਲੋਕਾਂ ਨੂੰ ਹਰ ਸਮੇਂ ਕਲੀਸੀਆ ਦੇ ਟੀਚੇ ਦਿਮਾਗ ਵਿਚ ਰੱਖਣੇ ਚਾਹੀਦੇ ਹਨ। ਜੋ ਵੀ ਯੋਜਨਾ ਬਣਾਈ ਗਈ ਹੋਵੇ ਉਸ ਨਾਲ ਕਿਸੇ ਨਾ ਕਿਸੇ ਤਰ੍ਹਾਂ ਕਲੀਸੀਆ ਦੇ ਟੀਚੇ ਹਾਸਲ ਕਰਨ ਵਿਚ ਯੋਗਦਾਨ ਮਿਲਣਾ ਚਾਹੀਦਾ ਹੈ।

ਸਾਫ਼ ਹੈ ਕਿ ਟੀਚੇ ਨਿਰਧਾਰਿਤ ਕਰਨ ਅਤੇ ਯੋਜਨਾ ਬਣਾਉਣ ਵਿਚ, ਖਾਸ ਕਰਕੇ ਕੰਮ ਠਹਿਰਾਉਣ ਜਾਂ ਟੀਚੇ ਅੱਗੇ ਵਧਾਉਣ ਅਤੇ ਯੋਜਨਾ ਬਣਾਉਣ ਵਿਚ ਨਜ਼ਦੀਕੀ ਸਬੰਧ ਹੈ। ਦੋਹਾਂ ਵਿਚ ਫ਼ਰਕ ਇਹੀ ਹੈ ਕਿ ਯੋਜਨਾ ਵਿਚ ਖਾਸ ਬਿਓਰੇ ਹੁੰਦੇ ਹਨ ਜਿਨ੍ਹਾਂ ਨਾਲ ਟੀਚੇ ਹਾਸਲ ਕੀਤੇ ਜਾਂਦੇ ਹਨ। ਉਦਾਹਰਣ ਲਈ ਜੇ ਇਹ ਫ਼ੈਸਲਾ ਲਿਆ ਜਾਂਦਾ ਹੈ ਕਿ ''ਬੰਦਗੀ ਵਿਚ ਆਉਣ ਵਾਲੇ ਹਰ ਬੰਦੇ ਦੇ ਘਰ ਜਾਇਆ ਜਾਵੇਗਾ'' ਤਾਂ ਉਹ ਇਕ ''ਐਕਸ਼ਨ ਗੋਲ'' ਬਣ ਜਾਂਦਾ ਹੈ। ਇਸ ਨੂੰ ਕਿਵੇਂ ਪੂਰਾ ਕੀਤਾ ਜਾਵੇ? ਯੋਜਨਾ ਵਿਚ ਅਜਿਹੇ ਸਵਾਲ ਦਾ ਜਵਾਬ ਇਵੇਂ ਹੋਵੇਗਾ ਕਿ ''ਬੰਦਗੀ ਵਿਚ ਆਉਣ ਵਾਲਿਆਂ ਦੇ ਨਾਂਅ ਕਿੱਥੋਂ ਲਵਾਂਗੇ ਅਤੇ ਉਨ੍ਹਾਂ ਦੇ ਘਰ ਜਾਣ ਦਾ ਸਮਾਂ ਕੀ ਹੋਵੇ?''; ''ਉਨ੍ਹਾਂ ਦੇ ਘਰ ਕੌਣ ਜਾਵੇਗਾ?'' ਅਤੇ ''ਕਦੋਂ ਜਾਵੇਗਾ?''

### ਮੰਡਲੀ ਦੀਆਂ ਖਾਸ ਲੋੜਾਂ ਪੂਰੀਆਂ ਕਰਨਾ

ਯੋਜਨਾ ਵਿਚ ਇਕ *ਖਾਸ ਮੰਡਲੀ* ਦੀਆਂ ਸੰਭਾਵਨਾਵਾਂ, ਭਵਿੱਖ, ਦਿੱਕਤਾਂ ਅਤੇ ਖਾਸ ਮੌਕੇ ਸ਼ਾਮਿਲ ਹੁੰਦੇ ਹਨ। ਬਹੁਤੀ ਵਾਰ, ਕਲੀਸੀਆ ਦੇ ਆਗੂ ਇਸ ਗੱਲ 'ਤੇ ਵਿਚਾਰ ਕੀਤੇ ਬਗ਼ੈਰ ਕਿ ਕਿਸੇ ਦੂਜੇ ਦੀ ਯੋਜਨਾ ਉਨ੍ਹਾਂ ਦੇ ਹਾਲਾਤ ਵਿਚ ਕੰਮ ਕਰੇਗੀ ਵੀ ਜਾਂ ਨਹੀਂ, ਹੋਰਨਾਂ ਮੰਡਲੀਆਂ ਦੇ ਪ੍ਰੋਗਰਾਮਾਂ ਦੀ ਨਕਲ ਕਰਦੇ ਹਨ। ਉਦਾਹਰਣ ਲਈ ਅਮਰੀਕਾ ਦੇ ਬਾਹਰ ਦੀ ਕਲੀਸੀਆ ਦੇ ਆਗੂਆਂ ਨੂੰ ਸਮਝ ਹੋਣੀ ਚਾਹੀਦੀ ਹੈ ਕਿ ਅਮਰੀਕਾ ਵਿਚ ਵਰਤੇ ਜਾਣ ਵਾਲੇ ਕਈ ਪ੍ਰੋਗਰਾਮ, ਸੁਧਾਰ ਕੀਤੇ ਬਗ਼ੈਰ ਹੋਰ ਦੇਸ਼ਾਂ ਲਈ ਢੁਕਵੇਂ ਨਹੀਂ ਹਨ।

### ਨਤੀਜੇ ਪਹਿਲਾਂ ਤੋਂ ਵੇਖਣਾ

ਜਿੱਥੋਂ ਤਕ ਹੋ ਸਕੇ ਆਗੂਆਂ ਨੂੰ ਆਪਣੀ ਯੋਜਨਾ ਦੇ ਨਤੀਜਿਆਂ ਦਾ ਪਹਿਲਾਂ ਤੋਂ ਹੀ

ਮੁਲਾਂਕਣ ਕਰ ਲੈਣਾ ਚਾਹੀਦਾ ਹੈ। ਕਈ ਯੋਜਨਾਵਾਂ ਵਿਚ ਦਿੱਕਤ ਆਉਂਦੀ ਹੈ, ਇਸ ਲਈ ਨਹੀਂ ਕਿ ਉਹ ਉਸ ਕੰਮ ਨੂੰ ਕਰਨ ਵਿਚ ਨਾਕਾਮ ਹੁੰਦੇ ਹਨ ਜੋ ਉਹ ਕਰਨਾ ਚਾਹੁੰਦੇ ਸਨ, ਬਲਕਿ ਇਸ ਲਈ ਕਿ ਉਸ ਨਾਲ ਉਮੀਦ ਕੀਤੇ ਨਤੀਜਿਆਂ ਦੇ ਉਲਟ ਅਸਰ ਪਾਉਣ ਵਾਲੇ ਨਤੀਜੇ ਵੀ ਮਿਲਦੇ ਹਨ। ਜੇ ਮੰਡਲੀ ਦੇ ਆਗੂ ਆਪਣੀ ਕਿਸੇ ਯੋਜਨਾ ਦੇ ਨਤੀਜਿਆਂ ਦਾ ਪਹਿਲਾ ਹੀ ਮੁਲਾਂਕਣ ਕਰ ਲੈਣ, ਤਾਂ ਉਸ ਨਤੀਜੇ ਵਿਚ ਮਿਲਣ ਵਾਲੀ ਭਲਿਆਈ ਨੂੰ ਵਧਾ ਕੇ ਕਿਸੇ ਵੀ ਹੋਰ ਬੁਰੇ ਅਸਰ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

## ਸੰਗਠਿਤ ਕਰਨਾ

ਯੋਜਨਾਵਾਂ ਬਣ ਜਾਣ ਦੇ ਬਾਅਦ, ਕਲੀਸੀਆ ਦੇ ਆਗੂਆਂ ਲਈ ਇਸ ਤਰ੍ਹਾਂ ਦਾ ਸੰਗਠਨ ਦੇਣਾ ਜ਼ਰੂਰੀ ਹੈ ਜੋ ਉਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਜ਼ਰੂਰੀ ਹੋਵੇ।

### ''ਇਸ ਨੂੰ-ਸੌਖਾ-ਰੱਖੋ'' ਦਾ ਨਿਅਮ

ਸੰਗਠਿਤ ਕਰਨ ਦਾ ਕੰਮ ਕਰਦਿਆਂ ਆਗੂਆਂ ਨੂੰ 'ਇਸ ਨੂੰ-ਸੌਖਾ-ਰੱਖੋ'' ਦਾ ਨਿਅਮ ਯਾਦ ਰੱਖਣਾ ਚਾਹੀਦਾ ਹੈ। ਕਲੀਸੀਆ ਵਿਚ ਜਿੰਨਾ ਛੋਟਾ ਸੰਗਠਨ ਓਨਾ ਹੀ ਚੰਗਾ ਹੈ। ਜੇ ਇਹ ਪਹਿਲਾਂ ਹੀ ਠੀਕ ਠਾਕ ਕੰਮ ਕਰ ਰਹੀ ਹੈ, ਤਾਂ ਇਸੇ ਤਰ੍ਹਾਂ ਚੱਲਣ ਦਿਓ। ਰਸੂਲਾਂ ਦੇ ਕੰਮ 6 ਅਧਿਆਇ ਤੋਂ ਅਸੀਂ ਨਿਚੋੜ ਕੱਢ ਸਕਦੇ ਹਾਂ ਕਿ ਜਦ ਕੁਝ ਨਾ ਕੀਤਾ ਜਾ ਰਿਹਾ ਹੋਵੇ ਜਾਂ ਠੀਕ ਠਾਕ ਨਾ ਹੋਵੇ ਤਾਂ ਕੰਮ ਦਾ ਸੰਗਠਿਤ ਹੋਣਾ ਜ਼ਰੂਰੀ ਹੈ।

### ''ਇਸ ਨੂੰ-ਸਹੀ-ਕਰੋ'' ਦਾ ਨਿਅਮ

ਮੰਡਲੀ ਦੇ ਟੀਚੇ ਹਾਸਲ ਕਰਨ ਲਈ ਸੰਗਠਿਤ ਪ੍ਰੋਗਰਾਮ ਜ਼ਰੂਰੀ ਹੈ, ਜਿਵੇਂ ਕਿਸੇ ਦੇ ਘਰ ਜਾਣ ਦਾ ਪ੍ਰੋਗਰਾਮ ਹੈ, ਤਾਂ ਹੋਰ ਨਿਅਮ ਲਾਗੂ ਹੋ ਜਾਂਦਾ ਹੈ ਕਿ ''ਜੇ ਇਹਦਾ ਫ਼ਾਇਦਾ ਹੋ ਰਿਹਾ ਹੈ ਤਾਂ ਕਰਦੇ ਰਹੋ।''

*ਆਗੂਆਂ ਨੂੰ ਯੋਜਨਾ ਬਨਾਉਣ ਅਤੇ ਤਿਆਰੀ ਕਰਨ ਵਿਚ ਪਹਿਲਾਂ ਤੋਂ ਲੱਗ ਜਾਣਾ ਚਾਹੀਦਾ ਹੈ।* ਪ੍ਰੋਗਰਾਮ ਬਨਾਉਣ ਅਤੇ ਉਸ ਨੂੰ ਅਮਲ ਵਿਚ ਲਿਆਉਣ ਲਈ ਕਾਫ਼ੀ ਵਕਤ ਦੀ ਲੋੜ ਹੈ, ਕਿਉਂਕਿ ਧਿਆਨ ਨਾਲ ਯੋਜਨਾ ਬਨਾਉਣ ਅਤੇ ਤਿਆਰੀ ਲਈ ਵਕਤ ਚਾਹੀਦਾ ਹੈ। ਸਮਾਂ ਸਾਰਨੀ ਬਣਾ ਲੈਣਾ ਸਮਝਦਾਰੀ ਹੋਵੇਗੀ ਜੋ ਕਿਸੇ ਘਟਨਾ ਦਾ ਪਤਾ ਅਤੇ ਇਹ ਸੰਕੇਤ ਦੇਣ ਲਈ ਹੋਵੇ ਕਿ ਉਸ ਦੀ ਤਿਆਰੀ ਕਿਹੜੀ ਤਰੀਕ ਨੂੰ ਪੂਰੀ ਹੋਵੇਗੀ। ਉਦਾਹਰਣ ਲਈ, ਜੇ ਕਲੀਸੀਆ ਨੇ ਕੋਈ ਇੰਜੀਲੀ ਸਭਾ ਕਰਨੀ ਹੈ, ਤਾਂ ਸਮਾਂ ਸਾਰਨੀ ਵਿਚ ਬੁਲਾਰੇ ਨੂੰ ਸੱਦਣ ਅਤੇ ਬੰਦਗੀ ਦੀਆਂ ਤਰੀਕਾਂ ਸਾਲ ਪਹਿਲਾਂ ਹੀ ਤੈਅ ਕਰਨ, ਤਿੰਨ ਮਹਿਨੇ ਪਹਿਲਾਂ ਹੀ ਉਸ ਨੂੰ ਲੋਕਾਂ ਨੂੰ ਦੱਸਣ ਅਤੇ ਉਚੇਚੇ ਤੌਰ ਤੇ ਦੁਆਵਾਂ ਕਰਨ, ਲੋਕਾਂ ਨਾਲ ਮਿਲਣ ਅਤੇ ਬੰਦਗੀ ਤੋਂ ਮਹੀਨਾ ਪਹਿਲਾਂ ਮਸ਼ਹੂਰੀ ਦੇਣਾ ਸ਼ੁਰੂ ਕਰਨਾ ਸ਼ਾਮਿਲ ਹੋ ਸਕਦਾ ਹੈ। ਸਮਾਂ ਸਾਰਨੀ ਵਿਚ ਉਨ੍ਹਾਂ ਸਭ ਲੋਕਾਂ ਦੇ ਨਾਂਅ ਵੀ ਦਿੱਤੇ ਜਾ ਸਕਦੇ ਹਨ ਜਿਨ੍ਹਾਂ ਨੂੰ ਵੱਖ ਵੱਖ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹੋਣ।

*ਜੋ ਵੀ ਪ੍ਰੋਗਰਾਮ ਹੋਵੇ ਉਸ ਨੂੰ ਕਾਮਯਾਬ ਬਣਾਉਣ ਲਈ ਪ੍ਰਚਾਰਿਤ ਕਰਨਾ, ਪ੍ਰਮੋਸ਼ਨ, ਮਸ਼ਹੂਰੀ ਆਦਿ ਦੇਣਾ ਜ਼ਰੂਰੀ ਹੈ।* ਮੈਂਬਰਾਂ ਨੂੰ ਨਾਲ ਲੈਣ ਲਈ ਕੀਤੀਆਂ ਜਾਣ ਵਾਲੀਆਂ

ਕੋਸ਼ਿਸ਼ਾਂ ਨੂੰ ਪ੍ਰਮੋਸ਼ਨ ਆਖਿਆ ਗਿਆ ਹੈ। ਜਨਤਕ ਐਲਾਨਾਂ, ਖਾਸ ਉਪਦੇਸ਼ਾਂ ਅਤੇ ਪਾਠਾਂ, ਚਰਚ ਬੁਲੇਟਿਨਾਂ, ਸਾਈਨ-ਬੋਰਡਾਂ, ਚਿੱਠੀਆਂ ਆਦਿ ਨਾਲ ਸੰਗਠਿਤ ਪ੍ਰੋਗਰਾਮਾਂ ਨੂੰ ਪ੍ਰਮੋਟ ਕੀਤਾ ਜਾ ਸਕਦਾ ਹੈ। ਸਾਨੂੰ ਚੰਗਾ ਲੱਗੇ ਜਾਂ ਨਾ ਲੱਗੇ, ਪਰ ਪ੍ਰਮੋਸ਼ਨ ਜ਼ਰੂਰੀ ਹੈ।

ਪ੍ਰੋਗਰਾਮ ਦੀ ਲਈ ਮਸ਼ਹੂਰੀ ਦਾ ਪ੍ਰਬੰਧ ਅਖਬਾਰ, ਰੇਡੀਓ, ਟੈਲੀਵਿਜ਼ਨ ਆਦਿ ਸਥਾਨਕ ਮੀਡੀਆ ਰਾਹੀਂ ਕੀਤਾ ਜਾ ਸਕਦਾ ਹੈ। ਆਮ ਤੌਰ ਤੇ ਮੀਡੀਆ ਸਮਾਜ ਵਿਚ ਹੋਣ ਵਾਲੀ ਭਵਿੱਖ ਦੀ ਘਟਨਾਵਾਂ ਅਤੇ ਕਲੀਸੀਆਵਾਂ ਬਾਰੇ ਜਾਣਕਾਰੀ ਛਾਪਣ ਲਈ ਤਿਆਰ ਰਹਿੰਦਾ ਹੈ। ਵਕਤ ਕੱਢ ਕੇ ਕਿਸੇ ਕਾਬਿਲ ਆਦਮੀ ਨੂੰ ਖਬਰਾਂ ਦੀਆਂ ਕਹਾਣੀਆਂ ਤਿਆਰ ਕਰਕੇ ਉਨ੍ਹਾਂ ਨੂੰ ਛਪਵਾਉਣ ਨੂੰ ਮੀਡੀਆ ਨੂੰ ਦੇਣ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।

ਕਲੀਸੀਆ ਦੇ ਪ੍ਰੋਗਰਾਮਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਉਨ੍ਹਾਂ ਨੂੰ ਇਸ ਦਾ ਫ਼ਾਇਦਾ ਲੈਣ ਲਈ ਉਤਸ਼ਾਹਿਤ ਕਰਨ 'ਤੇ ਖਰਚ ਕੀਤਾ ਗਿਆ ਪੈਸਾ ਮਸ਼ਹੂਰੀ ਦੀ ਨਾਲ ਜੁੜਿਆ ਹੈ। ਕਲੀਸੀਆ ਦੇ ਆਗੂਆਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਲੰਮੇ ਸਮੇਂ ਵਿਚ ''ਪ੍ਰਭਾਵਸ਼ਾਲੀ ਮਸ਼ਹੂਰੀ ਮਹਿੰਗਾ ਸੌਦਾ ਨਹੀਂ ਹੈ, ਇਸ ਦਾ ਫ਼ਾਇਦਾ ਹੀ ਹੁੰਦਾ ਹੈ।''

*ਲੋੜੀਂਦਾ ਸੰਗਠਨ ਦੇਣਾ ਆਗੂਆਂ ਦੀ ਜ਼ਿੰਮੇਵਾਰੀ ਹੈ।* ਪਹਿਲਾਂ ਤੋਂ ਉਨ੍ਹਾਂ ਨੂੰ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਕਿੰਨੇ ਵੱਡੇ ਸੰਗਠਨ ਦੀ ਲੋੜ ਹੈ। ਐਲਡਰਾਂ ਦਾ ਕੰਮ ਸਿਰਫ਼ ਨਿਗਾਹਬਾਨੀ ਕਰਨ ਦਾ ਹੋ ਸਕਦਾ ਹੈ। ਉਸ ਦੇ ਬਾਅਦ ਸੰਗਠਨ ਦਾ ਕੰਮ ਸ਼ਾਇਦ ਇਹੀ ਵੇਖਣਾ ਹੋਵੇਗਾ ਕਿ ਕੋਈ ਪ੍ਰੋਗਰਾਮ ਪ੍ਰਭਾਵਸ਼ਾਲੀ ਤਰੀਕੇ ਨਾਲ ਹੋ ਰਿਹਾ ਹੈ ਜਾਂ ਨਹੀਂ। ਜਿਸ ਕੋਲ ਵੀ ਉਸ ਪ੍ਰੋਗਰਾਮ ਦੀ ਜ਼ਿੰਮੇਵਾਰੀ ਹੋਵੇਗੀ ਉਸ ਨੂੰ ਹੋਰ ਗੱਲਾਂ ਦੇ ਨਾਲ ਨਾਲ ਇਹ ਗੱਲਾਂ ਵੀ ਮੰਨਣੀਆਂ ਪੈਣਗੀਆਂ ਕਿ ਕੀਤੇ ਜਾਣ ਵਾਲੇ ਪ੍ਰੋਗਰਾਮ ਲਈ ਜੋ ਵੀ ਸਭ ਤੋਂ ਚੰਗਾ ਅਤੇ ਯੋਗ ਤਰੀਕਾ ਹੋਵੇ ਉਸ ਨੂੰ ਅਪਣਾਇਆ ਜਾਵੇ। ਪ੍ਰੋਗਰਾਮ ਵਿਚ ਮਦਦ ਕਰਨ ਵਾਲੇ ਲੋਕਾਂ ਨੂੰ ਸਿਖਲਾਈ ਦੇਣ ਲਈ ਭਰਤੀ ਕਰ ਲਓ। ਸਟਾਫ਼ ਮੀਟਿੰਗ ਦਾ ਸਮਾਂ ਤੈਅ ਕਰੋ। ਇਸ ਲਈ ਖਤਮ ਹੋਣ ਉੱਤੇ ਇਹ ਜਾਣਨ ਲਈ ਕਿ ਪ੍ਰੋਗਰਾਮ ਕਾਮਯਾਬ ਰਿਹਾ ਜਾਂ ਨਹੀਂ, ਉਸ ਦੇ ਸ਼ੁਰੂਆਤ ਨਾਲ ਵੀ ਪਹਿਲਾਂ ਮੁਲਾਂਕਣ ਕਰਨ ਦੇ ਤਰੀਕੇ ਨੂੰ ਨਿਰਧਾਰਿਤ ਕਰ ਲਿਆ ਜਾਵੇ।

*ਹਰ ਮਸੀਹੀ ਨੂੰ ਭਲਾਈ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।* ਕਿਸੇ ਕੰਮ ਨੂੰ ਆਗੂ ਇਹ ਵਿਸ਼ਵਾਸ ਕਰ ਸਕਦੇ ਹਨ ਕਿ ਇਸ ਨੂੰ ਉੱਤਮ ਮੰਨਿਆ ਜਾਵੇ ਜਾਂ ਨਹੀਂ। ਜੇ ਮੰਡਲੀ ਇੰਜੀਲੀ (ਖੁਸ਼ਖਬਰੀ ਦੀ) ਸਭਾ ਕਰਨ ਦੀ ਯੋਜਨਾ ਬਣਾ ਰਹੀ ਹੈ, ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਜਿਸ ਬਿਲਡਿੰਗ ਵਿਚ ਇਹ ਸਭਾ ਹੋਵੇ ਉਹ ਸਾਫ਼ ਸੁਥਰੀ ਹੋਵੇ, ਸੰਦੇਸ਼ ਅਤੇ ਗੀਤ ਵਧੀਆ ਹੋਣ ਅਤੇ ਆਪਣੇ ਬਜਟ ਮੁਤਾਬਕ ਵੱਧ ਤੋਂ ਵੱਧ ਮਸ਼ਹੂਰੀ ਕੀਤੀ ਜਾਵੇ। ਸਭ ਨੂੰ ਹੀ ਬੇਹਤਰੀਨ ਹੀ ਪਸੰਦ ਹੁੰਦਾ ਹੈ। ਸ਼ਾਇਦ ਇਸ ਤੋਂ ਵੀ ਵੱਧ ਅਹਿਮ ਗੱਲ ਇਹ ਹੈ ਕਿ ਜਦ ਵੀ ਖ਼ੁਦਾ ਦੇ ਲੋਕਾਂ ਨੇ ਉਸ ਲਈ ਕੁਰਬਾਨੀ ਕੀਤੀ, ਉਸ ਦੇ ਨਾਲ ''ਸਭ ਤੋਂ ਵਧੀਆ'' ਭੇਂਟ ਹੀ ਚਾਹੀਦੀ ਹੈ। ਕੀ ਅੱਜ ਕਲੀਸੀਆ ਲਈ ਸਾਨੂੰ ''ਬੇਹਤਰੀਨ'' ਕੰਮ ਕਰਨ ਦਾ ਯਤਨ ਨਹੀਂ ਕਰਨਾ ਚਾਹੀਦਾ ਹੈ?

*ਪ੍ਰਬੰਧ ਕਰਨ ਵਾਲੇ ਆਖਿਰ ਨੂੰ ਪਹਿਲਾਂ ਤੋਂ ਹੀ ਦੇਖ ਸਕਦੇ ਹਾਂ।* ਪ੍ਰੋਗਰਾਮ ਤਿਆਰ ਕਰਨ ਵਾਲਿਆਂ ਨੂੰ ਇਸ ਗੱਲ ਤੋਂ ਮੌਕਾ ਹੋਣਾ ਜ਼ਰੂਰੀ ਹੈ ਕਿ ਪ੍ਰੋਗਰਾਮ ਕਮਜ਼ੋਰ ਹੋ ਸਕਦੇ ਹਨ ਅਤੇ ਮਰ ਵੀ ਸਕਦੇ ਹਨ। ਜਦੋਂ ਕੋਈ ਮੰਡਲੀ ਝਕਦੇ ਹੋਏ ਕੋਈ ਯਤਨ ਕਰਨਾ ਬੰਦ ਕਰ

ਦਿੰਦੀ ਹੈ, ਤਾਂ ਉਸ ਦਾ ਨਤੀਜਾ ਅਸਫ਼ਲਤਾ ਅਤੇ ਨਾ ਉਮੀਦ ਦੀ ਭਾਵਨਾ ਹੀ ਹੁੰਦਾ ਹੈ।

ਕੀ ਇਸ ਤੋਂ ਵੀ ਵਧੀਆ ਢੰਗ ਹੈ? ਦੋ ਸਲਾਹਾਂ ਹਨ ਜੋ ਆਗੂਆਂ ਲਈ ਮਦਦਗਾਰ ਹੋ ਸਕਦੀਆਂ ਹਨ: (1) ਪ੍ਰੋਗਰਾਮ ਨੂੰ ਚਲਦੇ ਰਹਿਣ ਨਾਲੋਂ ਅਸਰਦਾਇਕ ਬਣਾਉਂਦਿਆਂ ਉਸ ਦੀ ਸਮਾਪਤੀ ਲਈ ਯੋਜਨਾ ਬਣਾਉ, (2) ਯਾਦ ਰੱਖੋ ਕਿ ਕੋਈ ਵੀ ਪਵਿੱਤਰ ਨਹੀਂ ਹੈ। ਮਨੁੱਖ ਦੇ ''ਪ੍ਰੋਗਰਾਮਾਂ'' ਦੀ ਤੁਲਨਾ ਖ਼ੁਦਾ ਦੇ ਵਚਨ ਨਾਲ ਨਾ ਕੀਤੀ ਜਾਵੇ। ਜੇ ਇਕ ਵਿਚਾਰ ਕੰਮ ਨਹੀਂ ਕਰਦਾ ਤਾਂ ਮੰਡਲੀ ਬਿਨਾਂ ਕਿਸੇ ਨਾਕਾਮੀ ਦੀ ਭਾਵਨਾ ਦੇ ਉਸ ਪ੍ਰੋਗਰਾਮ ਨੂੰ ਛੱਡ ਕੇ ਕਿਸੇ ਦੂਜੇ ਦੀ ਕੋਸ਼ਿਸ਼ ਕਰ ਸਕਦੀ ਹੈ। ਆਮ ਤੌਰ ਤੇ, ਮੰਡਲੀ ਸਮੇਂ ਸਮੇਂ ਤੇ ਆਪਣੇ ਪ੍ਰੋਗਰਾਮ ਨੂੰ ਬਦਲਣ, ਉਨ੍ਹਾਂ ਵਿੱਚੋਂ ਕੁਝ ਕੱਢਣ ਜਾਂ ਜੋੜਨ ਜਾਂ ਉਨ੍ਹਾਂ ਵਿਚ ਦੁਹਰਾਉਣ ਦੀ ਆਸ ਕਰ ਸਕਦੀ ਹੈ।

## ਇੰਤਜ਼ਾਮ ਕਰਨਾ

ਪ੍ਰਭੂ ਦੀ ਕਲੀਸੀਆ ਵਿਚ ਇਕ ਵਾਰ ਕਿਸੇ ਕੰਮ ਦੀ ਯੋਜਨਾ ਬਣਾਉਣ ਅਤੇ ਉਸ ਦਾ ਪ੍ਰਬੰਧ ਹੋ ਜਾਣ ਦੇ ਬਾਅਦ ਕਿਸੇ ਨਾ ਕਿਸੇ ਨੂੰ ਇਹ ਵਿਸ਼ਵਾਸ ਕਰਨਾ ਪਵੇਗਾ ਕਿ ਇਹ ਕੰਮ ਹੋ ਗਿਆ ਹੈ: ਇਸ ਨੂੰ ਪ੍ਰੋਗਰਾਮ ਦਾ ''ਪ੍ਰਬੰਧ ਕਰਨਾ'' ਆਖਦੇ ਹਾਂ।

ਐਲਡਰਾਂ ਲਈ ਸਾਰੀਆਂ ਤੋਂ ਚੰਗਾ ਵਿਚਾਰ ਪ੍ਰੋਗਰਾਮਾਂ ਦਾ ਅਸਲ ਪ੍ਰਬੰਧ ਦੂਜਿਆਂ ਦੇ ਹੱਥ ਸੌਂਪਣਾ ਹੈ, ਤਾਂ ਜੋ ਉਹ ਇਸ ਤੋਂ ਜ਼ਿਆਦਾ ਮਹੱਤਵਪੂਰਨ ਗੱਲਾਂ ਭਾਵ ਪ੍ਰਾਰਥਨਾ, ਵਚਨ ਦੀ ਸੇਵਕਾਈ ਅਤੇ ਦੂਜੀਆਂ ਰੂਹਾਂ ਦੀ ਦੇਖਭਾਲ ਉੱਤੇ ਧਿਆਨ ਲਾ ਸਕਣ। ਪਰ, ਕਈ ਵਾਰ ਬਜ਼ੁਰਗਾਂ ਵਿਚ ਖਾਸ ਗੁਣ, ਦਿਲਚਸਪੀਆਂ ਜਾਂ ਖਾਸ ਖੇਤਰਾਂ ਵਿਚ ਸਿੱਖਿਆ ਦੇਣ ਦੀ ਯੋਗਤਾ ਹੋ ਸਕਦੀ ਹੈ। ਉਦਾਹਰਣ ਲਈ ਬਾਈਬਲ ਸਕੂਲ ਦੇ ਸਬੰਧ ਵਿਚ ਜਾਂ ਮਿਸ਼ਨਾਂ ਜਾਂ ਪ੍ਰਚਾਰ ਅਤੇ ਸਿੱਖਿਆ ਦੇ ਸਬੰਧ ਵਿਚ (1 ਤਿਮੋਥਿਉਸ 5:17), ਜਾਂ ਰਚਨਾ ਨਾਲ ਜੁੜੀਆਂ ਯੋਗਤਾਵਾਂ ਵਿਚ, ਜਿਸ ਨਾਲ ਉਹ ਖਾਸ ਪ੍ਰੋਗਰਾਮ ਦੇ ਕੰਮ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਇਕ ਸੁਭਾਵਿਕ ਪਸੰਦ ਬਣ ਜਾਂਦੇ ਹਨ। ਇਨ੍ਹਾਂ ਮਾਮਲਿਆਂ ਵਿਚ, ਐਲਡਰ ਸਿੱਧੇ ਤੌਰ ਤੇ ਕੋਈ ਖਾਸ ਕੰਮ ਕਰ ਸਕਦੇ ਹਨ, ਇਸ ਲਈ ਨਹੀਂ ਕਿ ਉਹ ਐਲਡਰ ਹਨ ਬਲਕਿ ਇਸ ਲਈ ਕਿ ਖ਼ੁਦਾ ਨੇ ਉਨ੍ਹਾਂ ਨੂੰ ਇਹ ਕੰਮ ਕਰਨ ਦੀ ਸ਼ਕਤੀ ਦਿੱਤੀ ਹੈ।

### ਅਧਿਕਾਰ ਸੌਂਪਣ ਦੀ ਅਹਿਮੀਅਤ

ਆਮ ਤੌਰ ਤੇ ਜੋ ਲੋਕ ਕਲੀਸੀਆ ਦੀ ਅਗਵਾਈ ਕਰਦੇ ਹਨ ਉਨ੍ਹਾਂ ਨੂੰ ਕਈ ਤਰ੍ਹਾਂ ਨਾਲ ਪ੍ਰੋਗਰਾਮਾਂ ਲਈ ਮੈਂਬਰਾਂ ਨੂੰ ਅੱਗੇ ਜ਼ਿੰਮੇਵਾਰੀ ਸੌਂਪ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਅਖ਼ਤਿਆਰ ਦੇਣ ਨਾਲ ਆਗੂਆਂ ਉੱਤੇ ਨਿੱਕੀ ਨਿੱਕੀ ਗੱਲ ਯਾਦ ਰੱਖਣ ਦਾ ਬੋਝ ਨਹੀਂ ਪਵੇਗਾ; ਉਹ ਉਸ ਖਾਸ ਕੰਮ ਉੱਤੇ ਧਿਆਨ ਲਾ ਸਕਦੇ ਹਨ ਜਿਹੜਾ ਖ਼ੁਦਾ ਨੇ ਉਨ੍ਹਾਂ ਨੂੰ ਦਿੱਤਾ ਹੈ। ਜਦ ਯਿਥਰੋ ਨੇ ਵੇਖਿਆ ਕਿ ਉਸ ਦਾ ਜਵਾਈ ਮੂਸਾ ਸਵੇਰ ਤੋਂ ਸ਼ਾਮ ਤਕ ਲੋਕਾਂ ਦਾ ਨਿਆਂ ਕਰਦਾ ਰਹਿੰਦਾ ਹੈ, ਤਾਂ ਉਸ ਨੇ ਕਿਹਾ ''ਜੋ ਤੂੰ ਕਰਦਾ ਹੈਂ ਸੋ ਚੰਗੀ ਗੱਲ ਨਹੀਂ ਹੈ। ਤੂੰ ਜ਼ਰੂਰ ਥੱਕ ਜਾਵੇਂਗਾ, ਤੂੰ ਵੀ ਅਰ ਤੇਰੇ ਨਾਲ ਇਹ ਲੋਕ ਵੀ, ਕਿਉਂ ਜੋ ਇਹ ਕੰਮ ਤੇਰੇ ਲਈ ਬਹੁਤਾ ਭਾਰੀ ਹੈ। ਤੂੰ ਇਕੱਲਾ ਇਸ ਨੂੰ ਨਹੀਂ ਕਰ ਸਕਦਾ'' (ਕੂਚ 18:17, 18)। ਫਿਰ ਉਸ ਨੇ ਮੂਸਾ ਨੂੰ ਮਦਦ ਲਈ ਹੋਰ ਲੋਕਾਂ ਨੂੰ ਠਹਿਰਾਉਣ ਭਾਵ ਨਿਆਂ ਕਰਨ ਦਾ ਕੁਝ ਕੰਮ ਉਨ੍ਹਾਂ ਨੂੰ ਦੇਣ ਦੀ

ਸਲਾਹ ਦਿੱਤੀ (ਰਸੂਲਾਂ ਦੇ ਕੰਮ 6:3, 4)। ਇਸ ਤਰ੍ਹਾਂ ਕੰਮ ਲਈ ਨੁਮਾਇੰਦਗੀ ਦੇਣ ਨਾਲ ਆਗੂਆਂ ਦੇ ਨਾਲ ਨਾਲ ਮੈਂਬਰਾਂ ਨੂੰ ਵੀ ਉਹ ਸੇਵਕਾਈ ਵਿਚ ਆਪਣੀਆਂ ਯੋਗਤਾਵਾਂ ਦੀ ਵਰਤੋਂ ਕਰਨ ਦਾ ਲਾਭ ਮਿਲਦਾ ਹੈ ਜਿਸ ਵਿਚ ਉਹ ਬੇਹਤਰ ਕੰਮ ਕਰ ਸਕਦੇ ਹਨ। ਇਸ ਤਰ੍ਹਾਂ ਠੀਕ ਠਾਕ ਹੋਣ ਤੇ ਜਾਂ ਅਧਿਕਾਰ ਦੇਣ ਨਾਲ ਕੀਤੇ ਜਾਣ ਵਾਲੇ ਕੰਮ ਪਹਿਲਾਂ ਨਾਲੋਂ ਵੱਧ ਅਤੇ ਸ਼ਾਂਤੀ ਨਾਲ ਹੋ ਸਕਦੇ ਹਨ। ਅਧਿਕਾਰ ਦੇਣ ਨਾਲ ਆਮ ਤੌਰ ਨਾਲ ਮੁਸ਼ਕਿਲਾਂ ਹੱਲ ਹੋ ਜਾਂਦੀਆਂ ਹਨ।

**ਅਧਿਕਾਰ ਦੇਣ ਦੇ ''ਨਿਅਮ''**

ਅਧਿਕਾਰ ਦੇਣ ਦੀ ਅਹਿਮੀਅਤ ਨੂੰ ਪੱਕਾ ਕਰਨ ਲਈ, ਕਲੀਸੀਆ ਦੇ ਆਗੂਆਂ ਨੂੰ ਇਨ੍ਹਾਂ ਸੁਝਾਵਾਂ ਨੂੰ ਮੰਨਣਾ ਚਾਹੀਦਾ ਹੈ।

*ਅਧਿਕਾਰ ਸਹੀ ਲੋਕਾਂ ਦੇ ਜੋੜ ਨੂੰ ਧਿਆਨ ਵਿਚ ਰੱਖ ਕੇ ਸਮਝਦਾਰੀ ਨਾਲ ਦਿਓ।* ਗੁਣੀ ਜਾਂ ਸਮਰੱਥ ਲੋਕਾਂ ਨੂੰ ਹੀ ਚੁਣਨਾ ਚਾਹੀਦਾ ਹੈ। ਇਸ ਦੇ ਇਲਾਵਾ, ਇਸ ਤੋਂ ਵੀ ਵੱਧ *ਭਰੋਸੇਮੰਦ; ਇਮਾਨਦਾਰ, ਮਿਹਨਤੀ* ਅਤੇ ਸਭ ਤੋਂ ਵਧ *ਰੂਹਾਨੀ ਲੋਕਾਂ* ਨੂੰ ਹੀ ਚੁਣੋ, ਜੋ ਦਿੱਤੇ ਗਏ ਕੰਮ ਨੂੰ ਵਫ਼ਾਦਾਰੀ ਨਾਲ ਕਰ ਸਕਣ। ਕਲੀਸੀਆ ਵਿਚ ਆਗੂਪੁਣੇ ਦਾ ਕੋਈ ਵੀ ਅਹੁਦਾ ਐਨਾ ਦੁਨਿਆਵੀ ਨਹੀਂ ਹੈ ਕਿ ਉਹ ਅਜਿਹੇ ਲੋਕਾਂ ਨੂੰ ਦੇ ਦਿੱਤਾ ਜਾਵੇ ਜੋ ਮਸੀਹ ਨੂੰ ਸਮਰਪਿਤ ਨਾ ਹੋਣ।

*ਕੰਮ ਨੂੰ ਪੂਰਾ ਕਰਨ ਲਈ ਲੋੜੀਂਦੀ ਸਿੱਖਿਆ ਦਿਓ।* ਸਹੀ ਲੋਕਾਂ ਨੂੰ ਚੁਣਨ ਦਾ ਕੁਝ ਭਾਗ ਅਜਿਹੇ ਲੋਕਾਂ ਨੂੰ ਨਿਯੁਕਤ ਕਰਨਾ ਹੈ ਜੋ ਪਹਿਲਾਂ ਤੋਂ ਹੀ ਉਸ ਖਾਸ ਖੇਤਰ ਵਿਚ ਸਿੱਖਿਆ ਪਾਏ ਹੋਏ ਹਨ ਜਾਂ ਯੋਗ ਹਨ। ਜੇ ਉਨ੍ਹਾਂ ਨੇ ਪਹਿਲਾਂ ਤੋਂ ਹੀ ਸਿਖਲਾਈ ਲਈ ਹੋਵੇ, ਤਾਂ ਵੀ ਉਨ੍ਹਾਂ ਨੂੰ ਹੋਰ ਸਿਖਲਾਈ ਲੈਣ ਲਈ ਉਤਸ਼ਾਹਿਤ ਕਰ ਕੇ ਉਨ੍ਹਾਂ ਦੀ ਮਦਦ ਕਰੋ। ਉਦਾਹਰਣ ਲਈ, ਯੂਥ ਲੀਡਰਾਂ, ਬਾਈਬਲ ਸਕੂਲ ਦੇ ਟੀਚਰਾਂ ਅਤੇ ਹੋਰ ਸਿਖਲਾਈ ਲੈਣ ਵਾਲੇ ਮਸੀਹੀ ਲੋਕਾਂ ਨੂੰ ਸਮਝਾਉਣ ਦਾ ਖਰਚ ਚੁੱਕਣ ਲਈ ਕਲੀਸੀਆ ਦੀ ਮਦਦ ਕਰੋ।

ਕਲੀਸੀਆ ਦੇ ਆਗੂਆਂ ਨੂੰ ਮਕਸਦ ਕਲੀਸੀਆ ਦਾ ਕੰਮ ਕਰਨ ਲਈ ਦੂਜਿਆਂ ਨੂੰ ਸਿੱਖਿਆ ਦੇ ਕੇ ਲਾਜ਼ਮੀ ਬਨਾਉਣਾ ਹੈ। ਤਿਮੋਥਿਉਸ ਨੂੰ ਦਿੱਤੇ ਗਏ ਪੌਲੁਸ ਦੇ ਹੁਕਮ ਹਰ ਤਰ੍ਹਾਂ ਦੇ ਸੇਵਕਾਂ ਤੇ ਲਾਗੂ ਹੋ ਸਕਦੇ ਹਨ: ''ਜਿਹੜੀਆਂ ਗੱਲਾਂ ਤੂੰ ... ਮੈਥੋਂ ਸੁਣੀਆਂ ਅਜਿਹੇ ਵਫ਼ਾਦਾਰ ਬੰਦਿਆਂ ਨੂੰ ਸੌਂਪ ਦੇ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ'' (2 ਤਿਮੋਥਿਉਸ 2:2; RSV)। ''ਜੋ ਕੁਝ ਤੂੰ ਕਾਉਂਸਲਿੰਗ ਦੇਣ ਬਾਰੇ ... ਜਾਂ ਬਾਈਬਲ ਸਕੂਲ ਚਲਾਉਣ ... ਜਾਂ ਸਿੱਖਿਆ ਦੇਣ ... ਜਾਂ ਖਜ਼ਾਨਚੀ ਦੇ ਰੂਪ ਵਿਚ ਕੰਮ ਕਰਨ ... ਜਾਂ ਵਿਸ਼ਵਾਸੀਆਂ ਨੂੰ ਸਿਖਾਉਣ ਬਾਰੇ ਸਿੱਖਿਆ ਹੈ, ਤਾਂ ਜੋ ਉਹ ਇਸ ਨੂੰ ਕਰਨ ਅਤੇ ਉਵੇਂ ਹੀ ਦੂਜਿਆਂ ਨੂੰ ਸਿਖਾਉਣ ਦੇ ਯੋਗ ਹੋ ਜਾਣ।'' ਇਵੇਂ ਕਰਨ ਨਾਲ ਕਲੀਸੀਆ ਕਾਇਮ ਰਹੇਗੀ ਅਤੇ ਤਰੱਕੀ ਕਰਦੀ ਰਹੇਗੀ।

*ਸਾਫ਼ ਮਾਪਦੰਡ, ਕਾਫ਼ੀ ਧਨ ਅਤੇ ਢੁਕਵਾਂ ਅਧਿਕਾਰ ਦਿਓ।* ਦੂਜਿਆਂ ਨੂੰ ਦਿੱਤਾ ਜਾਣ ਵਾਲਾ ਕੰਮ ਸਾਫ਼ ਤੌਰ ਤੇ ਸਮਝਾ ਦੇਣਾ ਚਾਹੀਦਾ ਹੈ। ਫਿਰ ਉਸ ਕੰਮ ਨੂੰ ਕਰਨ ਲਈ ਪ੍ਰਾਪਤ ਧਨ ਦੇਣ ਅਤੇ ਯੋਗ ਹੱਥਾਂ ਵਿਚ, ਜਿਸ ਆਦਮੀ ਨੂੰ ਕੋਈ ਕੰਮ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਫੈਸਲਾ ਲੈਣ, ਸਮਾਨ ਖਰੀਦਣ ਅਤੇ ਆਮ ਢੰਗ ਨਾਲ, ਆਪਣੀ ਯੋਗਤਾ ਦੀ

ਭਰਪੂਰ ਵਰਤੋਂ ਕਰਨ ਦਾ ਹੱਕ ਦਿੱਤਾ ਜਾਵੇ। ਬਿਨਾਂ ਅਧਿਕਾਰ ਦੇ ਜ਼ਿੰਮੇਵਾਰੀ ਦੇਣ ਦਾ ਮਤਲਬ ਬੇਕਾਰ ਹੋਵੇਗਾ।

*ਰਾਖੀ ਰੱਖੋ।* ਬਹੁਤੇ ਮਾਮਲਿਆਂ ਵਿਚ ਕੰਮ ਦੇ ਅਸਲ ਪ੍ਰੋਗਰਾਮਾਂ ਦੀ ਰਾਖੀ ਕੋਈ ਦੂਜਾ ਹੀ ਕਰਦਾ ਹੈ, ਪਰ ''ਰਾਖੀ ਕਰਨ ਵਾਲਿਆਂ ਦੀ ਰਾਖੀ ਕਰਨਾ'' ਮੰਡਲੀ ਦੇ ਆਗੂਆਂ, ਐਲਡਰਾਂ (ਜੇ ਉਹ ਐਲਡਰ ਹਨ) ਦੀ ਜ਼ਿੰਮੇਵਾਰੀ ਹੀ ਹੈ। ਕਿਸੇ ਨੂੰ ਕੰਮ ਕਰਨ ਲਈ ਦੇਣ ਦਾ ਅਰਥ ਇਹ ਨਹੀਂ ਹੈ ਕਿ ਉਸ ਨੂੰ ਕੋਈ ਪ੍ਰੋਗਰਾਮ ਸੌਂਪ ਦਿੱਤਾ ਜਾਵੇ ਅਤੇ ਬਾਅਦ ਵਿਚ ਉਸ ਨੂੰ ਦੁਬਾਰਾ ਪੁੱਛਿਆ ਵੀ ਨਾ ਜਾਵੇ। ਸਗੋਂ ਜ਼ਿੰਮੇਵਾਰੀ ਦੇ ਕੇ, ਜਾਣਕਾਰੀ ਲੈਂਦੇ ਰਹੋ ਕਿ ਕਦੋਂ ਕੀ ਹੋ ਰਿਹਾ ਹੈ। ਕਈ ਤਰ੍ਹਾਂ ਨਾਲ ਰਾਖੀ ਕਰਨ ਵਾਲੇ ਦੀ ਮਦਦ ਲਈ ਤਿਆਰ ਰਹੋ: ਉਦਾਹਰਣ ਲਈ, ਉਸ ਨੂੰ ਦਲੇਰੀ ਦਿਓ, ਸਮਝਾਉਣ, ਜਾਂ ਸੁਧਾਰਨ ਲਈ। ਜੋ ਵੀ ਮੰਗਿਆ ਜਾਂਦਾ ਹੈ, ਉਸ ਨੂੰ ਇਵੇਂ ਦੇਣ ਦੀ ਕੋਸ਼ਿਸ਼ ਕਰੋ ਜਿਵੇਂ ਤੁਸੀਂ ਉਸ ਦੇ ਸਵਾਲਾਂ ਦਾ ਜਵਾਬ ਦਿੰਦੇ ਹੋ। ਉਸ ਵਿਚ ਫੇਰ ਤੋਂ ਜੋਸ਼ ਭਰਦੇ ਹੋਏ, ਉਸ ਦਾ ਵਿਸ਼ਵਾਸ ਮਜ਼ਬੂਤ ਕਰਦੇ ਹੋ, ਉਸ ਵਿਚ ਵਿਸ਼ਵਾਸ ਪੈਦਾ ਕਰਦੇ ਹੋ ਅਤੇ ਉਸ ਵਿਚ ਰੂਹਾਨੀ ਵਿਸ਼ਵਾਸ ਜਗਾਉਂਦੇ ਹੋ। ਨਿਗਾਹਬਾਨੀ ਜਾਂ ਰਖਵਾਲੀ ਕਰਨ ਵਾਲੇ ਨਾਲ ਚੰਗਾ ਵਿਹਾਰ ਕਰਦਿਆਂ, ਨਮੂਨਾ ਦਿਓ ਕਿ ਉਸ ਨੂੰ ਉਨ੍ਹਾਂ ਨਾਲ ਕਿਵੇਂ ਸਲੂਕ ਕਰਨਾ ਚਾਹੀਦਾ ਹੈ ਜੋ ਉਸਦੇ ਅਧੀਨ ਕੰਮ ਕਰਦੇ ਹਨ।

*ਜਵਾਬਦੇਹੀ ਮੰਗੋ।* ਜਿੱਥੇ ਜ਼ਿੰਮੇਵਾਰੀ ਹੋਵੇਗੀ ਉੱਥੇ ਜਵਾਬਦੇਹੀ ਵੀ ਹੋਵੇਗੀ। ਜਿਨ੍ਹਾਂ ਨੂੰ ਕੋਈ ਕੰਮ ਦਿੱਤਾ ਜਾਂਦਾ ਹੈ ਉਨ੍ਹਾਂ ਨੂੰ ਕਲੀਸੀਆ ਵੱਲੋਂ ਜਵਾਬਦੇਹ ਵੀ ਠਹਿਰਾਇਆ ਜਾਣਾ ਜ਼ਰੂਰੀ ਹੈ ਕਿ ਉਨ੍ਹਾਂ ਨੇ ਕੋਈ ਕੰਮ ਦਿੱਤਾ ਵੀ ਹੈ ਜਾਂ ਨਹੀਂ ਅਤੇ ਕਿੰਨੀ ਚੰਗੀ ਤਰ੍ਹਾਂ ਕੀਤਾ ਹੈ। ਕਿਸੇ ਕੰਮ ਨੂੰ ਕਬੂਲ ਕਰਨ ਵਾਲੇ ਲਈ ਸ਼ੁਰੂ ਤੋਂ ਹੀ ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਉਸ ਦੇ ਨਾਲ ਉਸ ਦੇ ਜ਼ਿੰਮੇਵਾਰ ਹੋਣ ਦਾ ਹਿਸਾਬ ਮੰਗਿਆ ਜਾਵੇਗਾ। ਰਖਵਾਲੀ ਤੇ ਲਾ ਕੇ ਰੱਖਣਾ ਇਸ ਜਵਾਬਦੇਹੀ ਨੂੰ ਯਾਦ ਕਰਵਾਉਣ ਲਈ ਹੋਣਾ ਚਾਹੀਦਾ ਹੈ।

## ਮੁਲਾਂਕਣ ਕਰਨਾ

ਕਲੀਸੀਆ ਵਿਚ ਆਗੂਆਂ ਵੱਲੋਂ ਦਿੱਤੇ ਪ੍ਰੋਗਰਾਮਾਂ ਦਾ ਮੁਲਾਂਕਣ ਲਗਾਤਾਰ ਹੁੰਦਾ ਰਹਿਣਾ ਚਾਹੀਦਾ ਹੈ। ਜੇ ਕੋਈ ਪ੍ਰੋਗਰਾਮ ਉਮੀਦ ਦੇ ਮੁਤਾਬਕ ਨਹੀਂ ਚੱਲ ਰਿਹਾ, ਤਾਂ ਇਸ ਗੱਲ ਦਾ ਪਤਾ ਲਾਇਆ ਜਾਣਾ ਚਾਹੀਦਾ ਹੈ ਕਿ ਇਹ ਕਿਉਂ ਨਹੀਂ ਚੱਲ ਰਿਹਾ। ਕੀ ਇਸ ਮੁਸ਼ਕਿਲ ਨੂੰ ਹੱਲ ਕੀਤਾ ਜਾ ਸਕਦਾ ਹੈ? ਕੀ ਕੋਈ ਅਜਿਹਾ ਢੰਗ ਹੈ ਜੋ ਇਸ ਹਾਲਾਤ ਵਿਚ ਕੰਮ ਹੀ ਨਾ ਕਰੇ? ਸਮਝਦਾਰ ਆਗੂ ਜਾਣਦੇ ਹਨ ਕਿ ਬੇਸ਼ੱਕ ਮਸੀਹੀ ਲੋਕਾਂ ਕੋਲ ਨਾ ਬਦਲਣ ਵਾਲੀ ਇੰਜੀਲ ਹੈ, ਪਰ ਉਸ ਨੂੰ ਦੱਸਣ ਦੇ ਢੰਗ ਬਦਲਦੇ ਰਹਿੰਦੇ ਹਨ। ਜੋ ਤਰੀਕਾ ਇਕ ਸਮੇਂ ਵਿਚ ਕੰਮ ਕਰਦਾ ਹੈ, ਹੋ ਸਕਦਾ ਹੈ ਕਿ ਕਿਤੇ ਦੂਜੀ ਥਾਂ ਕੰਮ ਨਾ ਕਰੇ। ਆਗੂਆਂ ਨੂੰ ਢੰਗ ਬਦਲਣ ਸਮੇਂ ਪਤਾ ਹੋਣਾ ਚਾਹੀਦਾ ਹੈ ਜਿਸ ਨਾਲ ਕਲੀਸੀਆ ਆਪਣੇ ਮਕਸਦ ਨੂੰ ਪੂਰਾ ਕਰ ਸਕੇ।

## ਸਾਰ

ਕਲੀਸੀਆ ਦੇ ਪ੍ਰਬੰਧ ਦੇ ਕੰਮ ਨੂੰ ਕਿਵੇਂ ਪਰਖਿਆ ਜਾਵੇਗਾ? ਇਕ ਅਰਥ ਵਿਚ, ਇਸ ਦੀ ਪਰਖ ਉਵੇਂ ਹੀ ਹੋਣੀ ਚਾਹੀਦੀ ਹੈ ਜਿਵੇਂ ਵਪਾਰ ਦੇ ਪ੍ਰਬੰਧ ਦਾ ਫ਼ੈਸਲਾ ਹੁੰਦਾ ਹੈ ਭਾਵ

ਨਤੀਜਿਆਂ ਤੋਂ। ਵਪਾਰੀ ਆਪਣੇ ਪ੍ਰਬੰਧ ਕਰਨ ਵਾਲਿਆਂ ਤੋਂ ਪੁੱਛਦਾ ਹੈ ''ਕੀ ਨਿਚੋੜ ਨਿੱਕਲਿਆ? ਕੀ ਅਸੀਂ ਕੋਈ ਮੁਨਾਫ਼ਾ ਕਮਾਇਆ ਹੈ?'' ਜੇ ਕਮਾਇਆ ਹੈ, ਤਾਂ ਪ੍ਰਬੰਧ ਚੰਗਾ ਹੈ; ਜੇ ਨਹੀਂ ਤਾਂ ਪ੍ਰਬੰਧ ਵਿਚ ਕਮੀ ਹੈ।

ਕਲੀਸੀਆ ਨੂੰ ਉਨ੍ਹਾਂ ਲੋਕਾਂ ਤੋਂ ਜੋ ਰਖਵਾਲੀ ਦਾ ਕੰਮ ਕਰਦੇ ਹਨ, ਪੁੱਛਣਾ ਚਾਹੀਦਾ ਹੈ, ''ਕੀ ਲੋਕ ਬਚਾਏ ਗਏ? ਕੀ ਬਚਾਏ ਗਏ ਲੋਕਾਂ ਨੂੰ ਸਮਝਾਇਆ ਗਿਆ? ਕੀ ਇਸ ਵਿਚ ਖ਼ੁਦਾ ਦੀ ਤਾਰੀਫ਼ ਅਤੇ ਵਡਿਆਈ ਹੋਈ?'' ਇਕ ਹੋਰ ਅਰਥ ਵਿਚ, ਕਿਉਂਕਿ ਹਰ ਬੰਦਾ ਅਹਿਮ ਹੈ, ਇਸ ਲਈ ਕਲੀਸੀਆ ਪੁੱਛ ਸਕਦੀ ਹੈ, ''ਭਲਾ ਅਨੀਤਾ ਮਸੀਹੀ ਬਣ ਗਈ, ਅਤੇ ਭਲਾ ਉਹ ਦੇਹ ਦਾ ਜ਼ਰੂਰੀ ਅੰਗ ਬਣ ਗਈ ਹੈ?''; ''ਭਲਾ ਵਿਸ਼ਾਲ ਪਿਛਲੇ ਸਾਲ ਨਾਲੋਂ ਵੱਧ ਵਿਸ਼ਵਾਸੀ ਮਸੀਹੀ ਬਣ ਗਿਆ?''; ''ਭਲਾ ਅਸੀਂ ਸੁਨੀਤਾ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਉਸ ਦੀ ਮਦਦ ਇਸ ਤਰ੍ਹਾਂ ਕੀਤੀ ਹੈ ਕਿ ਉਹ ਅੱਜ ਪ੍ਰਭੂ ਦੇ ਨਜ਼ਦੀਕ ਗਈ ਹੈ?''

ਜਿਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਉਹ ਸਿਰਫ਼ ਕਲੀਸੀਆ ਦੇ ਕੰਮ ਨੂੰ ਚੰਗੇ ਤਰੀਕੇ ਨਾਲ ਕਰਨ ਤੇ ਹੀ ਧਿਆਨ ਦਿੰਦੇ ਹਨ। ਉਨ੍ਹਾਂ ਦਾ ਧਿਆਨ ਉਨ੍ਹਾਂ ਵੱਲ ਵੀ ਹੁੰਦਾ ਹੈ ਜੋ ਉਨ੍ਹਾਂ ਨਾਲ ਕੰਮ ਕਰਦੇ ਹਨ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਜਿਸ ਕੰਮ ਨੂੰ ਕਰਨ ਵਿਚ ਲੱਗੇ ਹੋਏ ਹਨ ਉਹ ਰੂਹਾਨੀ ਤਰੱਕੀ ਲਈ ਇਕ ਮੌਕਾ ਹੈ। ਉਦਾਹਰਣ ਲਈ, ਭੁੱਖੇ ਨੂੰ ਖਾਣਾ ਖੁਆਉਣ ਦੇ ਪ੍ਰੋਗਰਾਮ ਤੋਂ ਨਾ ਸਿਰਫ਼ ਕੁਝ ਲੋਕਾਂ ਦੇ ਢਿੱਡ ਹੀ ਭਰਨੇ ਚਾਹੀਦੇ ਹਨ, ਬਲਕਿ ਇਹ ਇਕ ਜ਼ਰੀਆ ਵੀ ਹੋਣਾ ਚਾਹੀਦਾ ਹੈ ਜਿਸ ਨਾਲ ਮਸੀਹੀ ਲੋਕ ਮਸੀਹ ਦੇ ਵਰਗੇ ਬਣ ਜਾਣ। ਜੇ ਕਿਸੇ ਪ੍ਰੋਗਰਾਮ ਦਾ ਲੀਡਰ ''ਨੌਕਰ'' ਹੈ ਜਾਂ ਜੇ ਉਹ ਆਪਣੇ ਨਾਲ ਕੰਮ ਕਰਨ ਵਾਲਿਆਂ ਦੀ ਬੇਇੱਜ਼ਤੀ ਕਰਦਾ ਹੈ ਤਾਂ ਉਹ ਪ੍ਰੋਗਰਾਮ ਕਲੀਸੀਆ ਦੀ ਮਦਦ ਦੇ ਬਦਲੇ ਉਸ ਲਈ ਰੁਕਾਵਟ ਬਣ ਸਕਦਾ ਹੈ।

ਜੇ ਲੀਡਰ ਕਲੀਸੀਆ ਦੇ ਕਿਸੇ ਪ੍ਰੋਗਰਾਮ ਦੀ ਨਿਗਾਹਬਾਨੀ ਕਰਦਾ ਹੈ, ਭਾਵ ਉਹ ਕਿਸੇ ਬਾਈਬਲ ਸਕੂਲ ਟੀਚਰ ਨਾਲ ਕੰਮ ਕਰਦਾ ਹੈ ਜਾਂ ਚਰਚ ਬਿਲਡਿੰਗ ਸਾਫ਼ ਕਰਨ ਵਾਲਾ ਹੋਵੇ ਉਸ ਨੂੰ ਕਲੀਸੀਆ ਦੇ ਆਖਰੀ ਮਕਸਦ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਜੇ ਉਹ ਇਵੇਂ ਕੰਮ ਕਰਦਾ ਹੈ ਜਿਸ ਨਾਲ ਬੇ ਵਜ੍ਹਾ ਕਿਸੇ ਮਸੀਹੀ ਸਾਥੀ ਨੂੰ ਠੋਕਰ ਲਗਦੀ ਹੈ ਅਤੇ ਉਹ ਮਸੀਹ ਦੇ ਨੇੜੇ ਹੋਣ ਦੀ ਬਜਾਇ ਉਸ ਤੋਂ ਦੂਰ ਹੋ ਜਾਂਦਾ ਹੈ, ਤਾਂ ਉਹ ਕੰਮ ਨੂੰ ਕਾਮਯਾਬੀ ਨਾਲ ਨਹੀਂ ਕਰ ਰਹੇ ਹਨ।